Daily Chardikala (05 December, 2014)

# ਯੂਰਪ ਦੇ ਸਬੋਰਗਾ ਦੇਸ਼ ਵਲੋਂ ਇੱਕ ਸਿੱਖ ਨੂੰ ਸਰਵਉਚ ਮਾਣ

## ਸੁਰਿੰਦਰਪਾਲ ਸਿੰਘ ਓਬਰਾਏ ਨੂੰ ਭਾਰਤ ਦਾ ਕੌਂਸਲੇਟ ਜਨਰਲ ਨਿਯੁਕਤ ਕੀਤਾ

ਪਟਿਆਲਾ, 4 ਦਸੰਬਰ (ਚ.ਨ.ਸ.): ਦੁਬਈ ਦੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁੱਖੀ ਸ. ਸੁਰਿੰਦਰਪਾਲ ਸਿੰਘ ਓਬਰਾਏ ਨੂੰ ਯੂਰਪ ਦੇ ਸਬੋਰਗਾ ਦੇਸ਼ ਵੱਲੋਂ ਭਾਰਤ ਦਾ ਕੌਂਸਲੇਟ ਜਨਰਲ ਨਿਯੁਕਤ ਕੀਤਾ ਗਿਆ ਹੈ ।ਅਜਿਹਾ ਇਹ ਪਹਿਲਾ ਮੌਕਾ ਹੈ ਕਿ ਕਿਸੇ ਇੱਕ ਸਿੱਖ ਨੂੰ ਯੂਰਪ ਦੇ ਦੇਸ਼-ਵਲੋਂ ਬਹੁਤ ਹੀ ਉਚਾ ਮਾਣ ਦਿਤਾ ਗਿਆ ਹੋਵੇ। ਸ. ਓਬਰਾਏ ਕਿਸੇ ਵੀ ਯੂਰਪੀਅਨ ਦੇਸ਼ ਵੱਲੋਂ ਪਹਿਲੇ ਸਿੱਖ ਰਾਜਦੂਤ ਨਿਯੁਕਤ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਇਸੇ ਸਾਲ ਸ ਓਬਰਾਏ ਨੂੰ ਹਾਊਸ ਆਫ ਲਾਰਡ ਵਿਖੇ ਸਿੱਖ ਆਫ ਈਅਰ ਐਵਾਰਡ ਨਾਲ ਵੀ ਸਨਮਾਨਿਆ ਜਾ ਚੁੱਕਾ ਹੈ।ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁੱਖ ਦਫਤਰ ਤੋਂ ਜਾਰੀ ਇੱਕ ਬਿਆਨ ਰਾਹੀਂ ਦਸਿਆ ਗਿਆ ਹੈ ਕਿ ਬੀਤੇ ਦਿਨੀਂ ਸਬੋਰਗਾ 'ਚ ਕਾਊਂਸਲਰ ਕਾਰਪਸ ਆਫ ਪ੍ਰਿਸੀਪੈਲਿਟੀ ਆਫ ਸਬੋਰਗਾ ਦੇ ਪ੍ਰਿੰਸ ਮਾਰਸੈਲ ਵੱਲੋਂ ਸੁਰਿੰਦਰਪਾਲ ਸਿੰਘ ਓਬਰਾਏ ਦੀ ਭਾਰਤ ਵਿੱਚ ਸਬਰਗਾ ਦੇ ਕੌਂਸਲੇਟ ਜਨਰਲ ਦੀ ਨਿਯੁਕਤੀ ਦਾ ਆਦੇਸ਼ ਜਾਰੀ ਕੀਤਾ।ਟਰੱਸਟ ਤੋਂ ਜਾਰੀ ਇੱਕ ਬਿਆਨ ਵਿਚ ਇਹ ਵੀ ਕਿਹਾ ਹੈ ਕਿ ਸਬੋਰਗਾ ਦੇ ਪ੍ਰਿੰਸ ਵੱਲੋਂ ਸ.ਓਬਰਾਏ ਨੂੰ ਦੋ ਪਾਸਪੋਰਟ ਵੀ ਜਾਰੀ ਕੀਤੇ ਗਏ ਹਨ। ਜਿਨ੍ਹਾਂ ਵਿਚ ਸਬੋਰਗਾ ਦੇਸ਼ ਦੇ ਪਾਸਪੋਰਟ ਤੋਂ ਇਲਾਵਾ -ਕਲੱਬ ਡਿਪਲੋਮੇਟ- ਸੀ.ਡੀ. ਪਾਸਪੋਰਟ ਵੀ ਜਾਰੀ ਕੀਤਾ ਗਿਆ ਹੈ ।ਇਸ ਸੀ.ਡੀ. ਪਾਸਪੋਰਟ ਦੀ ਅੰਤਰਾਸ਼ਟਰੀ ਪੱਧਰ 'ਤੇ ਬੜੀ ਵੱਡੀ ਮਾਨਤਾ ਹੈ।ਇਸ ਤਾਜਪੋਸ਼ੀ ਸਮਾਗਮ ਵਿਚ ਭਾਰਤ ਵੱਲੋਂ ਵਿਸ਼ੇਸ਼ ਡੈਲੀਗੇਸ਼ਨ, ਜਿਸ ਵਿਚ ਸਰਵ ਸ੍ਰੀ ਅਮੀਸ਼ ਅਰੋੜਾ, ਐਚ.ਵੀ. ਜੈਨ ਅਤੇ ਕੰਵਰਜੀਤ ਸਿੰਘ ਕੋਛੜ ਸ਼ਾਮਲ ਸਨ, ਤੋਂ ਇਲਾਵਾ ਸਰਬੀਆ ਅਤੇ ਹੰਗਰੀ ਵਿੱਚ ਸਬੋਰਗਾ ਦੇ ਕੌਂਸੋਲੇਟ ਜਨਰਲ ਜਾਲਟਨ ਕਬਾੱਈ, ਫਰਾਂਸ ਵਿੱਚ ਕੌਂਸੋਲੇਟ ਸ੍ਰੀ ਬੈਰੋਨ ਟ੍ਰਿਕੁਐਟ, ਸਬੋਰਗਾ ਦੇ ਮੰਤਰੀ ਪ੍ਰੋ. ਮਾਰਸੈਲ ਵੈਲੇਂਟਿਨ, ਨੀਨਾ ਮੈਨੇਗਾਟੋ, ਸੈਰਾ ਮਾਰੀਆ ਕਰਮੇਲਾ, ਕਾਰਾਸੇਲ ਮਾਓਰੋ, ਜਾਨੀ ਡੇਨੀਅਲ ਅਤੇ ਫੇਲਬੋ ਡੋਮੇਨਿਕੋ ਅਤੇ ਪ੍ਰਾਇਅਰਸ ਆਦਿ ਕਈ ਡਿਪਲੋਮੈਟਿਕ ਪ੍ਰਤੀਨਿਧ ਹਾਜਰ ਸਨ। ਪ੍ਰਿੰਸ ਮਾਰਸੈਲੋ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਸ੍ਰੀ ਓਬਰਾਏ ਦੀ ਦੂਰ-ਅੰਦੇਸ਼ੀ, ਦਿਆਨਤਦਾਰੀ ਅਤੇ ਮਨੁੱਖਤਾ ਦੀ ਤਰੱਕੀ ਲਈ ਕੋਸ਼ਿਸ਼ਾਂ ਨਾਲ ਉਨ੍ਹਾਂ ਦੇ ਦੇਸ਼ ਦੀ ਅੰਤਰਰਾਸ਼ਟਰੀ ਨਕਸ਼ੇ ਤੇ ਇਕ ਸ਼ਾਨਦਾਰ ਤਸਵੀਰ ਉਭਰ ਕੇ ਸਾਹਮਣੇ ਆਵੇਗੀ ।ਮੇਅਰ ਐਨਰੀਕੋ ਇਲੈਰਿਊਜੀ ਨੇ ਸ੍ਰੀ ਓਬਰਾਏ ਨੂੰ ਸਨਮਾਨ ਪੱਤਰ ਪੇਸ਼ ਕਰਦਿਆਂ ਕਿਹਾ ਕਿ ਸ . ਓਬਰਾਏ ਨੇ ਆਪਣੇ ਪਲਿਓ ਕਰੋੜਾਂ ਰੁਪਏ ਦੀ 'ਬਲੱਡ ਮਨੀ' ਦੇ ਕੇ 17 ਭਾਰਤੀਆਂ ਨੂੰ ਫਾਂਸੀ ਦੇ ਫੰਦੇ ਤੋਂ ਛੁਡਾ ਕੇ ਉਨ੍ਹਾਂ ਦੇ ਮਾਪਿਆਂ ਦੇ ਵਿਹੜੇ ਖੁਸ਼ੀ ਲਿਆਂਦੀ। ਓਬਰਾਏ ਜੀ ਨੂੰ ਅਣਗਿਣਤ ਸਮਾਜਕ, ਧਾਰਮਕ, ਵਿਸ਼ਵਵਿਆਪੀ ਸੰਸਥਾਵਾਂ ਵਲੋਂ ਰਾਸ਼ਟਰੀ/ਅੰਤਰਰਾਸ਼ਟਰੀ ਪੱਧਰੀ ਸਨਮਾਨਾਂ ਨਾਲ ਨਿਵਾਜਿਆ ਗਿਆ ਹੈ। ਫ੍ਰੈਂਸੈਸਕੋ ਮਾਰੀਆ ਬੈਟਿਸਟਾ ਫੈਰਾਂਡੋ ਨੇ 'ਮਾਸਟਰ ਆੱਫ ਸੈਰੇਮਨੀ' ਦੀ ਭੂਮਿਕਾ ਬਾਖੂਬੀ ਨਿਭਾਈ।

